Sandwell and West Birmingham
NHS Trust

# ਕਮਰ ਦੀ ਅਲਟਰਾਸਾਊਂਡ ਸਕੈਨ

**ਮਰੀਜ਼ਾਂ ਲਈ ਜਾਣਕਾਰੀ ਅਤੇ ਸਲਾਹ**

ਤੁਹਾਡੇ ਬੱਚੇ ਨੂੰ ਹਿਪ ਅਲਟਰਾਸਾਊਂਡ ਸਕੈਨ ਲਈ ਰੈਫਰ ਕੀਤਾ ਗਿਆ ਹੈ। ਇੱਕ ਹਿੱਪ ਅਲਟਰਾਸਾਊਂਡ ਸਕੈਨ ਇੱਕ ਅਜਿਹੀ ਸਥਿਤੀ ਲਈ ਸਕਰੀਨ ਕਰਦਾ ਹੈ ਜਿਸਨੂੰ ਹਿੱਪ ਡਿਸਪਲੇਸੀਆ ਕਿਹਾ ਜਾਂਦਾ ਹੈ। ਇਹ ਇੱਕ ਅਜਿਹੀ ਸਥਿਤੀ ਹੈ ਜਿੱਥੇ ਕਮਰ ਦਾ "ਬਾਲ ਅਤੇ ਸਾਕਟ" ਜੋੜ ਸਹੀ ਢੰਗ ਨਾਲ ਨਹੀ ਬਣਦਾ ਹੈ। ਜੇਕਰ ਕਮਰ ਡਿਸਪਲੇਸੀਆ ਦੀ ਪਛਾਣ ਨਹੀ ਕੀਤੀ ਜਾਂਦੀ ਅਤੇ ਜਲਦੀ ਇਲਾਜ ਨਹੀ ਕੀਤਾ ਜਾਂਦਾ ਹੈ, ਇਸ ਨਾਲ ਸੰਬੰਧਿਤ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਲੰਗੜਾ ਜਾਂ ਸੀਮਤ ਤੋਰ, ਦਰਦ, ਜਾਂ ਓਸਟੀਓਆਰਥਰਾਈਟਿਸ।

**ਜਦੋ ਉਹ ਛੋਟੇ ਹੁੰਦੇ ਹਨ ਤਾਂ ਇੱਕ ਕਮਰ ਦੇ ਅਲਟਰਾਸਾਊਂਡ ਨੂੰ ਕਰਨ ਲਈ ਇੱਕ ਸਰਵੋਤਮ ਸਮਾਂ ਹੁੰਦਾ ਹੈ। ਇਸ ਲਈ, ਸਹੀ ਸਮੇ ਤੇ ਕਮਰ ਦੇ ਅਲਟਰਾਸਾਊਂਡ ਦੀ ਅਪਾਇੰਟਮੈਂਟ ਵਿਚ ਹਾਜ਼ਰ ਹੋਣਾ ਮਹੱਤਵਪੂਰਨ ਹੈ।**

ਜੇਕਰ ਤੁਹਾਡੇ ਬੱਚੇ ਦਾ ਜਨਮ 34 ਹਫ਼ਤਿਆਂ ਦੇ ਗਰਭ ਤੋ ਬਾਅਦ ਹੋਇਆ ਹੈ, ਤਾਂ ਉਹਨਾ ਦਾ 4 ਤੋਂ 6 ਹਫ਼ਤਿਆਂ ਦੀ ਉਮਰ ਦੇ ਵਿਚਕਾਰ ਇੱਕ ਕਮਰ ਦਾ ਸਕੈਨ ਹੋਣਾ ਚਾਹੀਦਾ ਹੈ।

ਜੇਕਰ ਉਹ 34 ਹਫ਼ਤਿਆਂ ਦੇ ਗਰਭ ਤੋ ਪਹਿਲਾ ਪੈਦਾ ਹੋਏ ਸਨ, ਤਾਂ ਉਹਨਾ ਨੂੰ 38- ਅਤੇ 40-ਹਫ਼ਤਿਆਂ ਦੀ ਉਮਰ ਦੇ ਵਿਚਕਾਰ ਇੱਕ ਕਮਰ ਸਕੈਨ ਕਰਵਾਉਣਾ ਚਾਹੀਦਾ ਹੈ।

**ਤੁਹਾਨੂੰ ਆਪਣੇ ਕਮਰ ਦੇ ਅਲਟਰਾਸਾਊਂਡ ਸਕੈਨ ਲਈ ਚਿੱਠੀ ਰਾਹੀ  ਇੱਕ ਅਪਾਇੰਟਮੈਂਟ ਪ੍ਰਾਪਤ ਹੋਵੇਗੀ। ਜੇਕਰ ਤੁਸੀ ਅਪਾਇੰਟਮੈਂਟ ਵਿੱਚ ਸ਼ਾਮਲ ਹੋਣ ਵਿੱਚ ਅਸਮਰੱਥ ਹੋ, ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਬੁਕਿੰਗ ਟੀਮ ਨੂੰ 0121 507 3339 ਤੇ ਫੋਨ ਕਰੋ।**

## ਮੇਰੇ ਬੱਚੇ ਨੂੰ ਸਕੈਨ ਲਈ ਕਿਉ ਭੇਜਿਆ ਗਿਆ ਹੈ?

ਉਹਨਾ ਦੇ ਨਵਜੰਮੇ ਬੱਚੇ ਦੀ ਜਾਂਚ ਦੇ ਹਿੱਸੇ ਵਜੋ,ਤੁਹਾਡੇ ਬੱਚੇ ਦੀ ਕਮਰ ਡਿਸਪਲੇਸੀਆ ਦੇ ਲੱਛਣਾਂ ਦੀ ਜਾਂਚ ਕੀਤੀ ਜਾਵੇਗੀ, ਜਿਸ ਵਿੱਚ ਗਤੀ ਲਈ ਕਮਰ ਮਹਿਸੂਸ ਕਰਨਾ ਅਤੇ ਉਸਦੀ ਲੱਤ ਦੀ ਲੰਬਾਈ ਦੀ ਜਾਂਚ ਕਰਨਾ ਸ਼ਾਮਲ ਹੈ। ਇਹ ਟੈਸਟ 100% ਸਹੀ ਨਹੀ ਹਨ, ਅਤੇ ਜੇਕਰ ਜਾਂਚ ਤੇ ਕੋਈ ਅਸਧਾਰਨਤਾਵਾ ਪਾਈਆ ਜਾਂਦੀਆਂ ਹਨ, ਤਾਂ ਕਮਰ ਦੇ ਅਲਟਰਾਸਾਊਂਡ ਨੂੰ ਵਧੇਰੇ ਵਿਸਥਾਰ ਨਾਲ ਜਾਂਚ ਕਰਨ ਲਈ ਬੇਨਤੀ ਕੀਤੀ ਜਾਵੇਗੀ। ਤੁਹਾਡੇ ਬੱਚੇ ਨੂੰ ਸਕੈਨ ਲਈ ਰੈਫਰ ਕੀਤੇ ਜਾਣ ਦੇ ਹੋਰ ਕਾਰਨ ਇਹ ਹਨ ਕਿ ਜੇਕਰ ਉਹ ਜਨਮ ਤੋ ਹੀ ਬ੍ਰੀਚ ਸੀ, ਜੇਕਰ ਕਿਸੇ ਭੈਣ-ਭਰਾ ਜਾਂ ਮਾਤਾ-ਪਿਤਾ ਨੂੰ ਇਹ ਹੋਇਆ ਹੈ ਜਾਂ ਜੇਕਰ ਤੁਹਾਡੇ ਬੱਚੇ ਦੇ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲੀ ਕੋਈ ਹੋਰ ਸਥਿਤੀ ਹੈ।

ਤੁਹਾਡੇ ਬੱਚੇ ਨੂੰ ਕਮਰ ਸਕੈਨ ਲਈ ਭੇਜਿਆ ਗਿਆ ਹੈ ਕਿਉਂਕਿ (ਉਨ੍ਹਾਂ ਤੇ ਸਹੀ ਮਾਰੋ ਜੋ ਲਾਗੂ ਹੁੰਦੇ ਹਨ):

- ☐ ਉਨ੍ਹਾਂ ਦੀ ਬ੍ਰੀਚ ਪੇਸ਼ਕਾਰੀ ਸੀ।
- ☐ ਇੱਕ ਮਾਤਾ ਜਾਂ ਪਿਤਾ ਜਾਂ ਭੈਣ-ਭਰਾ ਨੂੰ ਕਮਰ ਡਿਸਪਲੇਸੀਆ ਸੀ।
- ☐ ਉਨ੍ਹਾਂ ਦੇ ਸਰੀਰਕ ਮੁਆਇਨੇ ਤੇ ਸੰਕੇਤ ਹਨ।
- ☐ ਉਹਨਾਂ ਦੇ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਹੋਰ ਸਥਿਤੀ ਹੈ।
- ☐ ਇੱਕ ਤੋ ਵੱਧ ਗਰਭ-ਅਵਸਥਾ ਸਨ ਅਤੇ ਇੱਕ ਜਾਂ ਇੱਕ ਤੋਂ ਵੱਧ ਬੱਚਿਆ ਵਿੱਚ ਜੋਖਮ ਦਾ ਕਾਰਨ ਸੀ (ਸਾਰੇ ਬੱਚਿਆ ਨੂੰ ਸਕੈਨ ਕੀਤਾ ਜਾਵੇਗਾ)।

## ਇੱਕ ਕਮਰ ਅਲਟਰਾਸਾਊਂਡ ਕੀ ਹੈ?

Sandwell and West Birmingham
NHS Trust

# ਕਮਰ ਦੀ ਅਲਟਰਾਸਾਊਂਡ ਸਕੈਨ

**ਮਰੀਜ਼ਾਂ ਲਈ ਜਾਣਕਾਰੀ ਅਤੇ ਸਲਾਹ**

ਇੱਕ ਕਮਰ ਅਲਟਰਾਸਾਊਂਡ ਇੱਕ ਪ੍ਰਕਿਰਿਆ ਹੈ ਜਿਵੇ ਕਿ ਗਰਭ ਅਵਸਥਾ ਵਿੱਚ ਵਰਤੀ ਜਾਂਦੀ ਅਲਟਰਾਸਾਊਂਡ। ਇਸ ਨਾਲ ਦਰਦ ਜਾਂ ਨੁਕਸਾਨ ਨਹੀਂ ਹੁੰਦਾ। ਬੱਚੇ ਦੇ ਕੱਪੜੇ ਉਤਾਰ ਦਿੱਤੇ ਜਾਣਗੇ, ਅਤੇ ਹਰੇਕ ਕਮਰ ਨੂੰ ਉਹਨਾ ਦੇ ਪਾਸੇ ਲੇਟ ਕੇ ਸਕੈਨ ਕੀਤਾ ਜਾਵੇਗਾ। ਸੋਨੋਗ੍ਰਾਫਰ ਫਿਰ ਲਏ ਗਏ ਚਿੱਤਰਾ ਨੂੰ ਦੇਖੇਗਾ ਅਤੇ ਇਹ ਨਿਰਧਾਰਤ ਕਰੇਗਾ ਕਿ ਕੀ ਕਮਰ ਦੇ ਡਿਸਪਲੇਸੀਆ ਦੇ ਕੋਈ ਲੱਛਣ ਹਨ। ਸਕੈਨ ਵਿੱਚ ਆਮ ਤੌਰ ਤੇ 15 ਤੋ 20 ਮਿੰਟ ਲੱਗਦੇ ਹਨ।

## ਸਕੈਨ ਤੋ ਬਾਅਦ ਕੀ ਹੁੰਦਾ ਹੈ?

ਜੇਕਰ ਕਮਰ ਦਾ ਅਲਟਰਾਸਾਊਂਡ ਸਕੈਨ ਆਮ ਹੈ, ਤਾਂ ਤੁਹਾਡੇ ਬੱਚੇ ਨੂੰ ਹੋਰ ਸਕੈਨ ਦੀ ਲੋੜ ਨਹੀ ਹੋਵੇਗੀ ਅਤੇ ਹੋਰ ਟੈਸਟਾਂ ਦੀ ਲੋੜ ਨਹੀ ਹੋਵੇਗੀ। ਜੇਕਰ ਅਲਟਰਾਸਾਊਂਡ ਤੋ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਕਮਰ ਦਾ ਡਿਸਪਲੇਸੀਆ ਹੈ, ਤਾਂ ਤੁਹਾਨੂੰ ਅਗਲੇ ਇਲਾਜ ਲਈ ਫਿਜ਼ੀਓਥੈਰੇਪਿਸਟ ਜਾਂ ਆਰਥੋਪੀਡਿਕ ਡਾਕਟਰ ਕੋਲ ਭੇਜਿਆ ਜਾਵੇਗਾ। ਆਮ ਤੌਰ ਤੇ, ਪਾਵਲਿਕ ਹਾਰਨੇਸ ਦੀ ਵਰਤੋ ਕਰਕੇ ਕਮਰ ਦੇ ਡਿਸਪਲੇਸੀਆ ਦਾ ਸਫਲਤਾਪੂਰਵਕ ਇਲਾਜ ਕੀਤਾ ਜਾ ਸਕਦਾ ਹੈ।

## ਹੋਰ ਜਾਣਕਾਰੀ

**ਨੈਸ਼ਨਲ ਹੈਲਥ ਸਰਵਿਸ**

ਕਮਰ ਦੇ ਵਿਕਾਸ ਸੰਬੰਧੀ ਡਿਸਪਲੇਸੀਆ

ਵੈੱਬਸਾਈਟ: www.nhs.uk/conditions/developmental-dysplasia-of-the-hip

**ਸਟੈਪਸ ਵਰਲਡਵਾਈਡ**

ਹਿੱਪ ਡਿਸਪਲੇਸੀਆ (DDH)

ਵੈੱਬਸਾਈਟ: www.stepsworldwide.org/conditions/hip-dysplasia-ddh

ਸਟੈਪਸ ਵਰਲਡਵਾਈਡ ਨੇ ਇੱਕ ਜਾਣਕਾਰੀ ਵੀਡੀਓ ਤਿਆਰ ਕੀਤੀ ਹੈ। ਜੇਕਰ ਤੁਹਾਨੂੰ ਦੱਸਿਆ ਗਿਆ ਹੈ ਕਿ ਤੁਹਾਡੇ ਬੱਚੇ ਨੂੰ ਇਹ ਪਤਾ ਲਗਾਉਣ ਲਈ ਅਲਟਰਾਸਾਊਂਡ ਸਕੈਨ ਦੀ ਲੋੜ ਹੈ ਕਿ ਉਹਨਾਂ ਨੂੰ ਕਮਰ ਡਿਸਪਲੇਸੀਆ ਹੈ, ਤਾਂ ਇਹ ਵੀਡੀਓ ਪ੍ਰਕਿਰਿਆ ਬਾਰੇ ਹੋਰ ਸਮਝਣ ਵਿੱਚ ਤੁਹਾਡੀ ਮਦਦ ਕਰੇਗਾ। ਵੀਡੀਓ ਹੇਠਾਂ ਦਿੱਤੇ ਲਿੰਕ ਤੇ ਜਾਂ QR ਕੋਡ ਨੂੰ ਸਕੈਨ ਕਰਕੇ ਉਪਲਬਧ ਹੈ।

ਵੈੱਬਲਿੰਕ: https://youtu.be/e7veLTwpJxM QR ਕੋਡ:

*(Websites accessed 06 June 2023)*

ਜੇਕਰ ਤੁਸੀ ਇਸ ਲੀਫਲੈਟ ਵਿੱਚ ਕੋਈ ਸੋਧਾਂ ਜਾਂ ਸੁਧਾਰਾਂ ਦਾ ਸੁਝਾਅ ਦੇਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਐਕਸਟੈਂਸ਼ਨ 3587 ਤੇ SWB ਲਾਇਬ੍ਰੇਰੀ ਸੇਵਾਵਾਂ ਨਾਲ ਸੰਪਰਕ ਕਰੋ ਜਾਂ swbh.library@nhs.net ਤੇ ਈਮੇਲ ਕਰੋ।

Health & care information you can trust
The Information Standard Certified Member

Sandwell and West Birmingham
NHS Trust

# ਕਮਰ ਦੀ ਅਲਟਰਾਸਾਊਂਡ ਸਕੈਨ

## ਮਰੀਜ਼ਾਂ ਲਈ ਜਾਣਕਾਰੀ ਅਤੇ ਸਲਾਹ

Incorporating City, Sandwell and Rowley Regis Hospitals
© Sandwell and West Birmingham Hospitals NHS Trust

ML7147
Issue Date: August 2023 Review
Date: August 2026